Energy & Water Ombudsman NSW





Punjabi

# ਬਿਜਲੀ (ਇਲੈਕਟ੍ਰਿਸਟੀ), ਗੈਸ ਤੇ ਪਾਣੀ ਦੇ ਗਾਹਕਾਂ ਲਈ ਜਾਣਕਾਰੀ

**ਜੇ ਤੁਹਾਨੂੰ ਕੋਈ ਸਮੱਸਿਆ ਹੋਵੇ**
ਪਹਿਲਾਂ ਆਪਣੇ ਬਿਜਲੀ (ਇਲੈਕਟ੍ਰਿਸਟੀ), ਗੈਸ ਜਾਂ ਪਾਣੀ ਦੇ ਮਹਿਕਮੇ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਆਪਣੀ ਸਮੱਸਿਆ ਬਾਰੇ ਦੱਸੋ। ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੋਵੇ, ਤਦ ਵੀ ਉਸ ਮਹਿਕਮੇ ਨੂੰ ਦਸੋ। ਜਾਂ ਤੁਸੀਂ ਕਿਸੇ ਦੋਸਤ ਮਿਤਰ ਜਾਂ ਪ੍ਰਵਾਰ ਦੇ ਮੈਂਬਰ ਨੂੰ ਉਨ੍ਹਾਂ ਨਾਲ ਗਲ ਕਰਨ ਲਈ ਕਹਿ ਸਕਦੇ ਹੋ।

ਜੇ ਤੁਸੀਂ ਆਪਣੇ ਮਹਿਕਮੇਂ ਨੂੰ ਟੈਲੀਫੋਨ ਕਰ ਰਹੇ ਹੋ, ਤਾਂ ਇਨ੍ਹਾਂ ਗਲਾਂ ਦਾ ਰਕਾਡ ਰਖੋ ਕਿ ਤੁਸੀਂ ਕਿਸ ਵਿਅੱਕਤੀ ਨਾਲ ਗਲਬਾਤ ਕੀਤੀ ਹੈ, ਗਲਬਾਤ ਕਰਨ ਦੀ ਤਾਰੀਖ ਤੇ ਸਮਾਂ ਵੀ ਨੋਟ ਕਰੋ। ਮਹਿਕਮੇਂ ਵਲੋਂ ਆਈਆਂ ਚਿਠੀਆਂ ਅਤੇ ਹੋਰ ਦਸਤਾਵੇਜ਼ ਵੀ ਸਾਂਭ ਕੇ ਰਖੋ।

ਜੇ ਉਸ ਕਾਲ ਸੈਂਟਰ ਦੇ ਕਰਮਚਾਰੀ ਤੁਹਾਡੀ ਮਦਦ ਨਹੀਂ ਕਰ ਸਕਦੇ, ਤਾਂ ਮੇਨੇਜਰ ਨਾਲ ਗਲਬਾਤ ਕਰਨ ਦੀ ਮੰਗ ਕਰੋ।

ਸਮੱਸਿਆ ਦਾ ਹੱਲ ਨਾਂ ਹੋਣ ਤੇ EWON (Energy & Water Ombudsman NSW) ਨੂੰ ਇਸ ਮੁਫਤ ਨੰਬਰ ਤੇ ਫੋਨ ਕਰੋ 1800 246 545.

**EWON ਬਾਰੇ**
ਦੀ ਐਨਰਜੀ ਐਂਡ ਵਾਟਰ ਓਮਬੱਡਸਮੈਨ ਨੀਊ ਸਾਊਥ ਵੇਲਜ਼ (EWON) ਨੀਊ ਸਾਊਥ ਵੇਲਜ਼ ਦੇ ਉਨ੍ਹਾਂ ਲੋਕਾਂ ਦੀ ਮਦਦ ਕਰਦਾ ਹੈ ਜਿਨ੍ਹਾਂ ਨੂੰ ਬਿਜਲੀ ਤੇ ਗੈਸ ਸਪਲਾਈ ਕਰਨ ਵਾਲਿਆਂ ਨਾਲ ਕਿਸੇ ਤਰ੍ਹਾਂ ਦੀਆਂ ਸਮੱਸਿਆਵਾਂ ਆ ਰਹੀਆਂ ਹੋਣ। ਅਸੀਂ ਪਾਣੀ ਨਾਲ ਸਬੰਧਿਤ ਸ਼ਿਕਾਇਤਾ ਬਾਰੇ ਵੀ ਮਦਦ ਕਰ ਸਕਦੇ ਹਾਂ।

EWON ਦੀਆਂ ਸੇਵਾਵਾਂ ਮੁਫਤ, ਨਿਆਂਕਾਰੀ ਅਤੇ ਅਜ਼ਾਦ ਹੁੰਦੀਆਂ ਹਨ।

ਅਸੀਂ ਕੁਝ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਦੀ ਵੀ ਮਦਦ ਕਰਦੇ ਹਾਂ ਜਿਵੇਂ :

- ਜ਼ਿਆਦਾ ਬਿੱਲ
- ਉਧਾਰ
- ਬਿਜਲੀ, ਗੈਸ ਜਾਂ ਪਾਣੀ ਦਾ ਕੱਟਿਆ ਜਾਣਾ
- ਸਪਲਾਈ ਦੀ ਵਿਸ਼ੇਸ਼ਤਾ
- ਮੁਆਵਜ਼ੇ ਲਈ ਦਾਅਵੇ
- ਖਾਤੇ ਖੋਲਣੇ ਤੇ ਬੰਦ ਕਰਨੇ
- ਬਿਜਲੀ ਜਾਂ ਗੈਸ ਦੇ ਕੰਟ੍ਰੈਕਟ
- ਫੋਨ ਦੁਆਰਾ ਜਾਂ ਘਰ ਘਰ ਜਾ ਕੇ ਕੰਟ੍ਰੈਕਟ ਵੇਚਣੇ
- ਮਾੜੀ ਗਾਹਕ ਸੇਵਾ

EWON ਵਲੋਂ ਇੰਤਜ਼ਾਮ ਕੀਤਾ ਜਾ ਸਕਦਾ ਹੈ ਕਿ ਤੁਹਾਡੀ ਸਮੱਸਿਆ ਬਾਰੇ ਕੰਪਨੀ ਦਾ ਕੋਈ ਸੀਨੀਅਰ ਵਿਅੱਕਤੀ ਤੁਹਾਡੇ ਨਾਲ ਸੰਪਰਕ ਕਰੇ ਜਾਂ ਅਸੀਂ ਖੁਦ ਆਪ ਹੀ ਤੁਹਾਡੀ ਸ਼ਿਕਾਇਤ ਬਾਰੇ ਖੋਜ ਕਰ ਸਕਦੇ ਹਾਂ।

**ਬਿਲ ਅਦਾ ਕਰਨ ਵਿਚ ਕੋਈ ਮੁਸ਼ਕਲਾਂ ਆ ਰਹੀਆਂ ਹਨ?**
EWON ਤੁਹਾਨੂੰ ਬਿਲ ਅਦਾ ਕਰਨ ਲਈ ਵਧੇਰੇ ਸਮਾ ਦਵਾ ਸਕਦਾ ਹੈ ਜਾਂ ਕੰਪਨੀ ਨਾਲ ਇਕ ਅਦਾਇਗੀ ਯੋਜਨਾ (ਪੇਮੈਂਟ ਪਲਾਨ) ਬਣਾਉਣ ਵਿਚ ਤੁਹਾਡੀ ਸਹਾਇਤਾ ਕਰ ਸਕਦਾ ਹੈ।

ਅਸੀਂ ਤੁਹਾਨੂੰ ਮਾਇਕ ਸਹਾਇਤਾ ਅਤੇ ਸ੍ਰਕਾਰੀ ਕਟੌਤੀਆਂ ਬਾਰੇ ਵੀ ਜਾਣਕਾਰੀ ਦੇ ਸਕਦੇ ਹਾਂ।

## EWON ਨਾਲ ਸੰਪਰਕ ਕਿਵੇਂ ਕਰਨਾ ਹੈ

| | |
|---|---|
| ਮੁਫਤ ਕਾਲ | 1800 246 545<br>ਸੋਮਵਾਰ ਤੋਂ ਸ਼ੁਕਰਵਾਰ, ਸਵੇਰ ਦੇ 9 ਤੋਂ ਸ਼ਾਮ ਦੇ 5 ਵਜੇ ਤੱਕ<br><br>ਜੇ ਤੁਸੀਂ ਮੋਬਾਇਲ ਫੋਨ ਤੋਂ ਕਾਲ ਕਰ ਰਹੇ ਹੋ, ਤਾਂ ਸਾਨੂੰ ਦਸੋ ਅਤੇ ਅਸੀਂ ਤੁਹਾਨੂੰ ਆਪ ਫੋਨ ਕਰ ਸਕਦੇ ਹਾਂ। |
| ਮੁਫਤ ਫੈਕਸ | 1800 812 291 |
| ਮੁਫਤ ਡਾਕ | Reply Paid K1343, Haymarket NSW 1239 |
| ਈਮੇਲ | omb@ewon.com.au |
| ਵੈਬਸਾਈਟ | www.ewon.com.au |

**ਦੁਭਾਸ਼ਿਆਈ ਸੇਵਾ**
ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਟਰਾਂਸਲੇਟਿੰਗ ਐਂਡ ਇੰਟਰਪ੍ਰੇਟਰ ਸੇਵਾ (TIS) ਨੂੰ 131 450 ਤੇ ਫੋਨ ਕਰਕੇ ਉਨ੍ਹਾਂ ਤੋਂ EWON ਨੂੰ 1800 246 545 ਤੇ ਫੋਨ ਕਰਨ ਦੀ ਫਰਮਾਇਸ਼ ਕਰੋ।



Punjabi

# ਜਿਹੜੀਆਂ ਗਲਾਂ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ

**ਖਾਤੇ ਖੋਲਣੇ ਤੇ ਬੰਦ ਕਰਨੇ**

ਇਹ ਜ਼ਰੂਰੀ ਹੈ ਕਿ ਤੁਸੀਂ ਘਰ ਵਿਚ ਪ੍ਰਵੇਸ਼ ਕਰਦਿਆਂ ਹੀ ਖਾਤਾ ਖੋਲੋ, ਤਾਂ ਜੋ ਤੁਸੀਂ  ਬਿਜਲੀ, ਗੈਸ ਜਾਂ ਪਾਣੀ ਦਾ ਬਿਲ ਵਰਤੋਂ ਅਨੁਸਾਰ ਹੀ ਅਦਾ ਕਰ ਸੱਕੋ। ਇਹ ਤੁਸੀਂ ਫੋਨ ਦੁਆਰਾ ਵੀ ਕਰ ਸਕਦੇ ਹੋ।

ਤੁਹਾਡਾ ਮਕਾਨ ਮਾਲਕ ਜਾਂ ਜਾਇਦਾਦ ਏਜੰਟ ਤੁਹਾਨੂੰ ਦਸ ਸਕਦਾ ਹੈ ਕਿ ਤੁਹਾਡੇ ਏਰੀਆ ਵਿਚ ਬਿਜਲੀ, ਗੈਸ ਜਾਂ ਪਾਣੀ ਕੌਣ ਸਪਲਾਈ ਕਰਦਾ ਹੈ।

**ਸੁਰੱਖਿਅਤ ਜਮ੍ਹਾ ਰਕਮ (ਸਕਿਉਰਿਟੀ ਡਿਪੌਸਿਟ)**

ਕੰਪਨੀ ਤੁਹਾਡੇ ਕੋਲੋਂ ਸਕਿਉਰਿਟੀ ਡਿਪੌਸਿਟ ਜਮ੍ਹਾ ਕਰਨ ਦੀ ਮੰਗ ਕਰ ਸਕਦੀ ਹੈ।  ਕਈ ਵਾਰ ਇਸ ਤੋਂ ਰਿਆਇਤ ਵੀ ਮਿਲ ਸਕਦੀ ਹੈ, ਸੋ ਕੰਪਨੀ ਕੋਲੋਂ ਇਸ ਬਾਰੇ ਪਤਾ ਕਰੋ।

**ਤੁਹਾਡੀਆਂ ਬਿਲਾਂ ਦੀ ਅਦਾਇਗੀ**

ਤੁਹਾਨੂੰ ਹਰ ਤਿੰਨੀ ਮਹੀਨੀ ਬਿਲ ਮਿਲਣਾ ਚਾਹੀਦਾ ਹੈ। ਜੇ ਇਹ ਨਾ ਮਿਲੇ ਤਾਂ ਆਪਣੀ ਕੰਪਨੀ ਨੂੰ ਸੂਚਿਤ ਕਰੋ।

ਜ਼ਿਆਦਾਤਾਰ ਕੰਪਨੀਆਂ ਦੇ ਬਿਲਾਂ ਦੀ ਅਦਾਇਗੀ ਤੁਸੀਂ ਡਾਕਖਾਨੇ, ਫੋਨ ਦੁਆਰਾ ਆਪਣੇ ਕਰੈਡਿੱਟ ਕਾਰਡ ਦੀ ਵਰਤੋਂ ਨਾਲ, ਆਨ-ਲਾਈਨ, ਜਾਂ ਸੈਂਟਰ ਪੇ ਰਾਹੀਂ ਕਰ ਸਕਦੇ ਹੋ।

**ਸੈਂਟਰ ਪੇ**

ਜੇ ਤੁਸੀਂ ਗਵਰਮੈਂਟ ਪੈਨਸ਼ਨ ਲੈਂਦੇ ਹੋ, ਤਾਂ, ਤੁਸੀਂ ਆਪਣੇ ਸਾਰੇ ਭੁਗਤਾਨ (ਬਿਲ) ਸੈਂਟਰ ਪੇ ਰਾਹੀਂ ਅਦਾ ਕਰ ਸਕਦੇ ਹੋ। ਆਪਣੀ ਕੰਪਨੀ ਜਾਂ ਸੈਂਟਰਲਿੰਕ ਤੋਂ ਇਸ ਬਾਰੇ ਪੁਛੋ।

**ਪੈਨਸ਼ਨਰ ਛੋਟ (ਰੀਬੇਟ)**

ਜੇ ਤੁਸੀਂ ਗਵਰਮੈਂਟ ਪੈਨਸ਼ਨ (ਸੈਂਟਰਲਿੰਕ ਪੇਮੈਂਟ) ਲੈ ਰਹੇ ਹੋ, ਤਾਂ ਕੰਪਨੀ ਨੂੰ ਇਸ ਬਾਰੇ ਦੱਸੋ, ਤੁਸੀਂ ਕਟੌਤੀ (ਡਿਸਕਾਊਂਟ) ਦੇ ਹੱਕਦਾਰ ਹੋ ਸਕਦੇ ਹੋ।

**ਅਦਾਇਗੀ ਯੋਜਨਾ (ਪੇਮੈਂਟ ਪਲੈਨਜ਼)**

ਕਈ ਕੰਪਨੀਆਂ ਉਨ੍ਹਾਂ ਲੋਕਾਂ ਨੂੰ ਅਦਾਇਗੀ ਯੋਜਨਾਂਵਾਂ ਦਿੰਦੀਆਂ ਹਨ, ਜਿਨ੍ਹਾਂ ਨੂੰ ਮਾਲੀ ਮੁਸਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ। ਕੰਪਨੀ ਤੋਂ ਇਸ ਬਾਰੇ ਪੁਛ ਗਿਛ ਕਰੋ।

**ਅਦਾ ਨਾ ਕੀਤੀਆਂ ਗਈਆਂ ਬਿਲਾਂ**

ਜੇ ਤੁਹਾਡੇ ਕੋਲ ਅਦਾ ਨਾ ਕੀਤੀਆਂ ਗਈਆਂ ਬਿਲਾਂ ਹਨ ਅਤੇ ਕੋਈ ਉਧਾਰ ਇਕੱਠਾ ਕਰਨ ਵਾਲਾ (ਜਿਸ ਨੂੰ ਮਰਕਨਟਾਇਲ ਏਜੰਟ ਵੀ ਕਿਹਾ ਜਾਂਦਾ ਹੈ) ਤੁਹਾਡੇ ਨਾਲ ਸੰਪਰਕ ਕਰਦਾ ਹੈ, ਤਾਂ ਤੁਸੀਂ ਕਰੈਡਿੱਟ ਐਂਡ ਡੈਟ ਹੌਟਲਾਈਨ (Credit & Debt Hotline) ਨੂੰ ਇਸ ਨੰਬਰ 1800 808 488 ਤੇ ਮੁਫਤ ਸਲਾਹ ਲਈ ਫੋਨ ਕਰੋ ਜਾਂ EWON ਨਾਲ ਸੰਪਰਕ ਕਰੋ।

**ਮਾਇਕ ਸਹਾਇਤਾ**

EAPA (Energy Accounts Payment Assistance) ਵਾਊਚਰ ਤੁਹਾਡੇ ਬਿਜਲੀ ਅਤੇ ਗੈਸ ਬਿਲ ਅਦਾ ਕਰਨ ਵਿੱਚ ਸਹਾਈ ਹੋ ਸਕਦੇ ਹਨ।

PAS (Payment Assistance Scheme) ਅਧਾਰ-ਪੱਤਰ (ਵਾਊਚਰ) ਤੁਹਾਡੇ ਪਾਣੀ ਦੇ ਬਿਲ ਅਦਾ ਕਰਨ ਵਿੱਚ ਮਦਦ ਕਰ ਸਕਦੇ ਹਨ।

ਤੁਸੀਂ ਕੰਮਯੂਨਿਟੀ ਵੈਲਫੇਅਰ ਏਜੰਸੀਆਂ (ਜਿਸ ਤਰ੍ਹਾਂ ਸੇਂਟ ਵਿਨਸੈਂਟ ਡੀ ਪੌਲ ਜਾਂ ਸੈਲਵੇਸ਼ਨ ਆਰਮੀ) ਤੋਂ ਵੀ EAPA ਜਾਂ PAS ਵਾਊਚਰਾਂ ਦੀ ਮੰਗ ਕਰ ਸਕਦੇ ਹੋ। ਜੇ ਤੁਹਾਨੂੰ ਪਤਾ ਨਹੀਂ ਹੈ ਕਿ ਕਿਸ ਏਜੰਸੀ ਕੋਲ ਵਾਊਚਰ ਹੁੰਦੇ ਹਨ, ਤਾਂ ਤੁਸੀਂ EWON ਨੂੰ ਫੋਨ ਕਰ ਸਕਦੇ ਹੋ।

ਕਮਯੂਨਿਟੀ ਏਜੰਸੀ ਤੁਹਾਡੇ ਨਾਲ ਸਮਾਂ ਮੁਕੱਰਰ ਕਰ ਕੇ ਇਸ ਗਲ ਦਾ ਪਤਾ ਕਰੇਗੀ ਕਿ ਤੁਸੀਂ ਇਨ੍ਹਾਂ ਵਾਊਚਰਾਂ ਲਈ ਹੱਕਦਾਰ ਹੋ ਜਾਂ ਨਹੀਂ। ਸਿਰਫ ਖ਼ਾਤਾ ਖੋਲਣ ਵਾਲਾ ਹੀ ਵਾਊਚਰਾਂ ਲਈ ਹੱਕਦਾਰ ਹੋ ਸਕਦਾ ਹੈ ਅਤੇ ਉਨ੍ਹਾਂ ਨੂੰ ਬਿਲ ਪੇਸ਼ ਕਰਨਾ ਪਵੇਗਾ ਤਾਂ ਜੋ ਪਤਾ ਲਗ ਸੱਕੇ ਕਿ ਕਿਨੀ ਰਕਮ ਦੇਣ ਵਾਲੀ ਹੈ।

**ਬਿਲ ਅਦਾ ਨਾ ਕੀਤਾ ਜਾਣ ਕਾਰਨ ਕੀ ਹੋ ਸਕਦਾ ਹੈ?**

ਬਿਲ ਦੀ ਅਦਾਇਗੀ ਨਾ ਕਰਨ ਜਾਂ ਅਦਾ ਕਰਨ ਤੋਂ ਪਛੜ ਜਾਣ ਤੇ, ਤੁਹਾਡੀ ਸਪਲਾਈ ਕੱਟੀ ਜਾਂ ਘਟਾਈ ਜਾ ਸਕਦੀ ਹੈ। ਇਸ ਤਰ੍ਹਾਂ ਹੋਣ ਨਾਲ ਤੁਹਾਡਾ ਉਧਾਰ ਹੋਰ ਵੀ ਵੱਧ ਸਕਦਾ ਹੈ, ਸੋ ਜੇ ਤੁਹਾਨੂੰ ਬਿਲ ਅਦਾ ਕਰਨ ਵਿੱਚ ਕੋਈ ਸਮੱਸਿਆ ਆ ਰਹੀ ਹੈ, ਤਾਂ ਛੇਤੀ ਤੋਂ ਛੇਤੀ ਆਪਣੀ ਕੰਪਨੀ ਨਾਲ ਸੰਪਰਕ ਕਰੋ।

ਜੇ ਤੁਹਾਡਾ ਕਿਸੇ ਕਮਯੂਨਿਟੀ ਏਜੰਸੀ ਨਾਲ EAPA ਵਾਊਚਰ ਲੈਣ ਦੇ ਸਬੰਧ ਵਿੱਚ ਸਮਾਂ ਮੁਕੱਰਰ ਕੀਤਾ ਹੋਇਆ ਹੈ, ਤਾਂ ਤੁਹਾਡੀ ਸਪਲਾਈ ਕੱਟੀ ਨਹੀਂ ਜਾ ਸਕਦੀ।

**ਕਿਰਾਏਦਾਰਾਂ ਲਈ ਪਾਣੀ ਦਾ ਖਰਚਾ**

ਜੇ ਤੁਸੀਂ ਡੀਪਾਰਟਮੈਂਟ ਆਫ ਹਾਊਸਿੰਗ, ਕਾਰਾਵਾਨ ਪਾਰਕ ਜਾਂ ਪ੍ਰਾਈਵੇਟ ਯੂਨਿੱਟ ਵਿੱਚ ਪ੍ਰਵੇਸ਼ ਕਰ ਰਹੇ ਹੋ ਜਿਸ ਦਾ ਆਪਣਾ ਵੱਖਰਾ ਪਾਣੀ ਦਾ ਮੀਟਰ ਹੋਵੇ, ਤਾਂ ਤੁਹਾਨੂੰ ਵਰਤੇ ਗਏ ਪਾਣੀ ਦੀ ਅਦਾਇਗੀ ਕਰਨੀ ਪੈ ਸਕਦੀ ਹੈ। ਆਪਣੇ ਮਕਾਨ-ਮਾਲਕ ਤੋਂ ਪੁਛ ਕਰੋ ਕਿ ਤੁਹਾਨੂੰ ਪਾਣੀ ਦੀ ਅਦਾਇਗੀ ਕਰਨੀ ਪਵੇਗੀ ਜਾਂ ਨਹੀਂ।

**ਬਿਜਲੀ ਅਤੇ ਗੈਸ ਦੇ ਕੰਟ੍ਰੈਕਟ**

ਤਿੰਨ ਸਾਲ ਦੇ ਕੰਟ੍ਰੈਕਟ ਤੇ ਦਸਤਖਤ ਕਰਨ ਤੇ ਕਈ ਕੰਪਨੀਆਂ ਖਾਸ ਰਿਆਇਤਾਂ ਦਿੰਦੀਆਂ ਹਨ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾ ਕੰਟ੍ਰੈਕਟ :

- ਸਮੇਂ ਤੋਂ ਪਹਿਲਾਂ ਕੰਟ੍ਰੈਕਟ ਰੱਦ ਕਰਨ ਲਈ ਤੁਹਾਨੂੰ ਕੰਪਨੀ ਨੂੰ ਫੀਸ ਦੇਣੀ ਪੈ ਸਕਦੀ ਹੈ।
- ਆਮ ਕਰਕੇ ਕਿਸੇ ਨਵੀਂ ਜਗ੍ਹਾ ਤੇ ਬਦਲ ਕੇ ਜਾਣ ਵੇਲੇ ਤੁਸੀਂ ਉਸ ਕੰਟ੍ਰੈਕਟ ਦਾ ਉਸ ਨਵੀਂ ਜਗ੍ਹਾ ਤੇ ਬਦਲਾਵ ਨਹੀਂ ਕਰ ਸਕਦੇ।

ਕਿਸੇ ਵੀ ਕਾਗਜ਼ ਪੱਤਰ ਤੇ ਪੜ੍ਹਨ ਤੋਂ ਪਹਿਲਾਂ ਦਸਤਖਤ ਨਾ ਕਰੋ, ਜਾਂ ਕਿਸੇ ਤੋਂ ਉਸ ਨੂੰ ਪੜ੍ਹਾਓ। ਜੇ ਤੁਹਾਨੂੰ ਕੰਟ੍ਰੈਕਟ ਪੜ੍ਹਨ ਵਿੱਚ ਮਦਦ ਦੀ ਲੋੜ ਹੈ, ਤਾਂ EWON ਨੂੰ ਫੋਨ ਕਰੋ।

Energy & Water Ombudsman NSW (EWON) ਮੁਫਤ ਕਾਲ 1800 246 545
omb@ewon.com.au | www.ewon.com.au